## ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਕਾਰਜਕਾਰੀ ਕਮੇਟੀ ਦੀ ਮਿਤੀ 10.9.2010 ਨੂੰ ਹੋਈ ਪਹਿਲੀ ਮੀਟਿੰਗ ਦੀ ਕਾਰਵਾਈ।

ਮਿਤੀ 10.9.2010 ਨੂੰ ਮੁੱਖ ਸਕੱਤਰ, ਪੰਜਾਬ, ਸ਼੍ਰੀ ਸੁਬੋਧ ਚੰਧਰ ਅਗਰਵਾਲ, ਆਈ.ਏ.ਐਸ. ਜੀ ਦੀ ਪ੍ਰਧਾਨਗੀ ਹੇਠ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਕਾਰਜਕਾਰੀ ਕਮੇਟੀ ਦੀ ਪਹਿਲੀ ਮੀਟਿੰਗ ਹੋਈ।

ਇਸ ਮੀਟਿੰਗ ਵਿੱਚ ਹੇਠ ਅਨੁਸਾਰ ਮੈਂਬਰ ਵੀ ਸ਼ਾਮਿਲ ਸਨ :-

| **ਲੜੀ ਨੰ** | **ਅਧਿਕਾਰੀ ਦਾ ਨਾਮ ਅਤੇ ਅਹੁਦਾ** | **ਅਹੁਦਾ** |
|---|---|---|
| 1 | ਸ਼੍ਰੀ ਕੇ.ਬੀ.ਐਸ. ਸਿੱਧੂ, ਆਈ.ਏ.ਐਸ.<br>ਪ੍ਰਮੁੱਖ ਸਕੱਤਰ (ਵਿੱਤ), ਪੰਜਾਬ, ਚੰਡੀਗੜ੍ਹ । | ਮੈਂਬਰ |
| 2 | ਡਾ. ਐਸ.ਐਸ. ਸੰਧੂ, ਆਈ.ਏ.ਐਸ.<br>ਸਕੱਤਰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ<br>ਪੰਜਾਬ, ਚੰਡੀਗੜ੍ਹ। | ਮੈਂਬਰ |
| 3 | ਸ਼੍ਰੀ ਸਰਵਜੀਤ ਸਿੰਘ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ. ਨਗਰ । | ਮੈਂਬਰ ਸਕੱਤਰ |
| 4 | ਸ਼੍ਰੀ ਐਸ.ਕੇ. ਸ਼ਰਮਾ, ਆਈ.ਏ.ਐਸ.<br>ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ<br>ਪੰਜਾਬ, ਚੰਡੀਗੜ੍ਹ।<br>(ਪ੍ਰਮੁੱਖ ਸਕੱਤਰ ਸਥਾਨਕ ਸਰਕਾਰ ਪੰਜਾਬ ਜੀ ਦਾ ਨੁਮਾਇੰਦਾ) | ਮੈਂਬਰ |
| 5 | ਸ਼੍ਰੀ ਕੁਲਦੀਪ ਸਿੰਘ ਧਾਲੀਵਾਲ<br>ਮੁੱਖ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ। | ਮੈਂਬਰ |

**ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮ ਵਿਚਾਰੇ ਗਏ :-**

### ਅਜੰਡਾ ਆਈਟਮ ਨੰ: 1.01

**ਵਿਸ਼ਾ:** **ਪੁੱਡਾ ਕਰਮਚਾਰੀਆਂ ਨੂੰ ਪੈਨਸ਼ਨ ਸਕੀਮ ਲਾਗੂ ਕਰਨ ਬਾਰੇ ।**

ਇਸ ਮੱਦ ਤੇ ਕਮੇਟੀ ਵੱਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਇਸ ਸਕੀਮ ਤੇ ਵਿੱਤੀ ਪਹਲੂਆਂ ਤੇ ਹੋਰ ਘੋਖਣ ਦੀ ਲੋੜ ਹੈ। ਇਸ ਲਈ ਵਿੱਤ ਦੀਆਂ ਅਨੁਭਵੀ ਅਤੇ ਤਜਰਬੇਕਾਰ ਸੰਸਥਾਵਾਂ ਨਾਲ ਗਲਬਾਤ ਕੀਤੀ ਜਾਵੇ ਅਤੇ ਢੂੰਗਾਈ ਨਾਲ ਘੋਖਣ ਉਪਰੰਤ ਕਮੇਟੀ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ।

### ਅਜੰਡਾ ਆਈਟਮ ਨੰ: 1.02

**ਵਿਸ਼ਾ:** **ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ (ਟੀ.ਏ) ਰੈਗੂਲੇਸਨ 1997 ਵਿੱਚ ਸੋਧ ਕਰਨ ਸਬੰਧੀ ।**

ਕਮੇਟੀ ਵੱਲੋਂ ਇਸ ਮੱਦ ਤੇ ਪ੍ਰਵਾਨਗੀ ਦਿੱਤੀ ਗਈ ।

*ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ ।*

ਐਸ.ਸੀ. ਅਗਰਵਾਲ, ਆਈ.ਏ.ਐਸ.
ਮੁੱਖ ਸਕੱਤਰ, ਪੰਜਾਬ ਸਰਕਾਰ
ਚੰਡੀਗੜ੍ਹ ।